ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030321
Available online at: www.armaan.org.in
DOI: https://doi.org/10.64119/armaan.vol.3.issue3.21

# ਮਨਵੀਰ ਭੁੱਲਰ ਦੀ ਕਾਵਿ ਦ੍ਰਿਸ਼ਟੀ : 'ਸਹੁੰ ਲੱਗੇ' ਦੇ ਸੰਦਰਭ ਵਿਚ

# MANVEER BHULLAR DI KAAV DARISHTY: 'SONH LAGE' DE SANDRBH VICH

**ਡਾ. ਮਨਜੀਤ ਕੌਰ (Dr. Manjeet Kaur)**
**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ (Assistant Professor, Punjabi)**
**ਪੰਜਾਬ ਯੂਨੀਵਰਸਿਟੀ ਰੀਜ਼ਨਲ ਸੈਂਟਰ, ਸ੍ਰੀ ਮੁਕਤਸਰ ਸਾਹਿਬ (ਪੰਜਾਬ)**
**Email ID: manjeetmannu07@gmail.com ਮੋਬਾਈਲ: +91-98761-56679**

**ਸਾਰ (Abstract)**

*ਕਵਿਤਾ ਇਕ ਅਜਿਹਾ ਸਾਹਿਤ ਰੂਪ ਹੈ ਜਿਸ ਦੇ ਮਾਧਿਅਮ ਰਾਹੀਂ ਕਵੀ ਆਪਣੇ ਮਨ ਦੇ ਅਹਿਸਾਸਾਂ, ਭਾਵਨਾਵਾਂ, ਤਜ਼ਰਬਿਆਂ ਅਤੇ ਸਮਾਜਿਕ ਜੀਵਨ ਵਰਤਾਰੇ ਦੇ ਵਿਭਿੰਨ ਪਹਿਲੂਆਂ ਨੂੰ ਆਪਣੇ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਦੇ ਪ੍ਰਸੰਗ ਤੋਂ ਪੇਸ਼ ਕਰਦਾ ਹੈ। ਇਸ ਸੰਦਰਭ ਵਿਚ ਹੱਥਲੇ ਪੇਪਰ ਵਿਚ 'ਸਹੁੰ ਲੱਗੇ' ਕਾਵਿ ਪੁਸਤਕ ਦਾ ਅਧਿਐਨ ਕਰਦਿਆਂ ਮਨਵੀਰ ਭੁੱਲਰ ਦੀ ਕਾਵਿ ਦ੍ਰਿਸ਼ਟੀ ਨੂੰ ਪਛਾਨਣ ਦਾ ਯਤਨ ਕੀਤਾ ਗਿਆ ਹੈ। ਮਨਵੀਰ ਦਾ ਕਾਵਿ ਪਾਠਕ ਨੂੰ ਜੀਵਨ ਵਿਚ ਵਾਪਰਦੇ ਦੁੱਖ, ਸੁੱਖ, ਪਿਆਰ, ਨਫ਼ਰਤ, ਆਪਣੇ ਅਤੇ ਬੇਗਾਨੇ ਰਿਸ਼ਤਿਆਂ ਦੇ ਅਹਿਸਾਸਾਂ, ਭਾਵਨਾਵਾਂ, ਸਾਂਝਾ, ਲੋੜਾਂ ਅਤੇ ਥੁੜਾਂ ਦੇ ਰੂਬਰੂ ਕਰਾਉਂਦਾ ਹੈ। ਇਸ ਦੇ ਨਾਲ ਹੀ ਪੁਸਤਕ ਵਿਚ ਕਵੀ ਨੇ ਸਮਾਜਕ, ਸਭਿਆਚਾਰਕ, ਰਾਜਸੀ ਅਤੇ ਧਾਰਮਿਕ ਵਿਸ਼ਿਆਂ ਨੂੰ ਆਪਣੀਆਂ ਕਵਿਤਾਵਾਂ ਦਾ ਆਧਾਰ ਬਣਾਇਆ ਹੈ। ਕਵੀ ਨੇ ਸਰਲ ਸ਼ਬਦਾਂ, ਪ੍ਰਤੀਕਾਂ ਅਤੇ ਚਿੰਨ੍ਹਾਂ ਦੇ ਮਾਧਿਅਮ ਰਾਹੀਂ ਜੀਵਨ ਨਾਲ ਜੁੜੇ ਵਿਭਿੰਨ ਵਿਸ਼ਿਆਂ ਨੂੰ ਬਹੁਤ ਖ਼ੂਬਸੂਰਤ ਅੰਦਾਜ ਵਿਚ ਪੇਸ਼ ਕੀਤਾ ਹੈ। ਕਵੀ ਦੇ ਕਹਿਣ ਅਨੁਸਾਰ ਕਿ ਇਹ ਕਵਿਤਾਵਾਂ ਤਾਂ ਉਸ ਦੀਆਂ ਝੱਲੀਆਂ ਹਨ ਪਰ ਨੀਝ ਨਾਲ ਕੀਤੇ ਕਾਵਿ ਅਧਿਐਨ ਤੋਂ ਅਹਿਸਾਸ ਹੁੰਦਾ ਹੈ ਕਿ ਮਨਵੀਰ ਮਨ ਦੀਆਂ ਇਹ ਝੱਲੀਆਂ ਵੀ ਮਾਨਵੀਂ ਜੀਵਨ ਵਰਤਾਰੇ ਦੇ ਕਈ ਗਹਿਰੇ ਭੇਦ ਖੋਲ੍ਹਦੀਆਂ ਹੋਈਆਂ ਜੀਵਨ ਸੱਚ ਸਬੰਧੀ ਬਹੁਤ ਠੁੱਕਦਾਰ ਗੱਲਾਂ ਕਰ ਗਈਆਂ ਹਨ। ਇਸ ਤਰ੍ਹਾਂ ਮਨਵੀਰ ਦੀ ਕਾਵਿ ਦ੍ਰਿਸ਼ਟੀ ਵਿਭਿੰਨ ਸਮਾਜਕ ਸਰੋਕਾਰਾਂ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ।*

***ਕੀਵਰਡ (Keyword): ਕੁਦਰਤ, ਭਰੋਸਾ, ਕਾਤਲ, ਹਨੇਰਾ, ਸੂਰਜ, ਸਪੱਸ਼ਟੀਕਰਨ, ਡਾਇਰੀ, ਮੱਲ੍ਹਮ, ਮਹਾਂਕਾਵਿ, ਸਿਰਨਾਵਾਂ, ਪ੍ਰਵਚਨ।***

ਕਵਿਤਾ ਸਾਹਿਤ ਦਾ ਸਭ ਤੋਂ ਪੁਰਾਤਨ ਸਾਹਿਤ ਰੂਪ ਮੰਨਿਆ ਗਿਆ ਹੈ। ਕਵੀ ਕਵਿਤਾ ਦੇ ਮਾਧਿਅਮ ਰਾਹੀਂ ਆਪਣੇ ਭਾਵਾਂ ਦਾ ਪ੍ਰਗਟਾਵਾ ਆਸਾਨੀ ਨਾਲ ਕਰ ਸਕਦਾ ਹੈ ਪਰੰਤੂ ਇਕ ਸਮੀਖਿਅਕ ਵਾਸਤੇ ਹੋਰ ਵਿਧਾਵਾਂ ਨਾਲੋਂ ਕਾਵਿ ਦੀ ਸਮੀਖਿਆ ਕਰਨਾ ਆਪਣੇ ਆਪ ਵਿਚ ਕਾਫ਼ੀ ਮੁਸ਼ਕਿਲ ਕੰਮ ਹੈ ਕਿਉਂਕਿ ਕਾਵਿ ਸਮੀਖਿਆ ਦੌਰਾਨ ਕਿਸੇ ਲੇਖਕ ਦੇ ਭਾਵਾਂ, ਮਨੋਭਾਵਾਂ, ਅਹਿਸਾਸਾਂ, ਵਲਵਲਿਆਂ ਅਤੇ ਅਨੁਭਵ ਨੂੰ ਫੜਨ ਦੀ ਸੁਚੇਤ ਅਤੇ ਅਚੇਤ ਕੋਸ਼ਿਸ਼ ਕਰਨੀ ਪੈਂਦੀ ਹੈ। ਸਾਹਿਤ ਅਧਿਐਨ ਦੇ ਖੇਤਰ ਵਿਚ ਆਲੋਚਕ ਕੁਝ ਸਮੀਖਿਆ ਪ੍ਰਣਾਲੀਆਂ ਨੂੰ ਆਧਾਰ ਬਣਾ ਕੇ ਕਾਵਿ ਪਾਠ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦਾ ਹੈ। ਇਸੇ ਸੰਦਰਭ ਵਿਚ ਹੱਥਲੇ ਪਰਚੇ ਵਿਚ ਮਨਵੀਰ ਸਿੰਘ ਭੁੱਲਰ ਦੀ ਕਾਵਿ ਪੁਸਤਕ 'ਸਹੁੰ ਲੱਗੇ' ਦਾ ਅਧਿਐਨ ਕਰਕੇ ਉਸਦੀ ਕਾਵਿ ਦ੍ਰਿਸ਼ਟੀ ਨੂੰ ਸਮਝਣ, ਵਿਚਾਰਨ ਅਤੇ ਵਿਸ਼ਲੇਸ਼ਣ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ। ਮਨਵੀਰ ਦਾ ਜਨਮ ਪਿਤਾ ਸਰਦਾਰ ਸੁੱਖਦੇਵ ਸਿੰਘ ਭੁੱਲਰ ਅਤੇ ਮਾਤਾ ਸ਼੍ਰੀਮਤੀ ਰਣਜੀਤ ਕੌਰ ਦੇ ਘਰ ਸੰਨ 1980 ਵਿਚ, ਪਿੰਡ ਝਬੇਲ ਵਾਲੀ ਜਿਲ੍ਹਾ ਮੁਕਤਸਰ ਵਿਚ ਹੋਇਆ। ਵੱਖ-ਵੱਖ ਵਿੱਦਿਅਕ ਅਦਾਰਿਆਂ ਵਿਚ ਨੌਕਰੀ ਕਰਦੇ ਹੋਇਆਂ ਮਨਵੀਰ ਨੇ ਵੱਡੇ ਜੀਵਨ ਤਜ਼ਰਬੇ ਹਾਸਿਲ ਕੀਤੇ। ਵਰਤਮਾਨ ਸਮੇਂ ਦੌਰਾਨ ਮਨਵੀਰ ਗਣਿਤ ਦੇ ਲੈਕਚਰਾਰ ਵਜੋਂ ਅਧਿਆਪਨ ਕਾਰਜ ਕਰ ਰਿਹਾ ਹੈ। ਗਣਿਤ ਦਾ ਅਧਿਆਪਕ ਕਵਿਤਾ ਵਿਚ ਕਿਵੇਂ ਰਚਮਿਚ ਗਿਆ, ਇਹ ਤਾਂ ਉਹੀ ਜਾਣੇ ਪਰ ਮਨਵੀਰ ਦੀ ਕਵਿਤਾ ਪੜ੍ਹ ਕੇ ਕਿਧਰੇ-ਕਿਧਰੇ ਇਹ ਅਹਿਸਾਸ ਜ਼ਰੂਰ ਹੁੰਦਾ ਹੈ ਕਿ ਉਸਦੇ ਜੀਵਨ ਤਜ਼ਰਬੇ ਸੱਚਮੁੱਚ ਵੱਡੇ ਹਨ। ਮਨਵੀਰ ਕਾਵਿ ਦਾ ਅਧਿਐਨ ਕਰਦਿਆਂ ਮਹਿਸੂਸ ਹੁੰਦਾ ਹੈ ਕਿ ਗਣਿਤ ਦੇ ਸਵਾਲਾਂ ਨੂੰ ਸਹੀ ਜਵਾਬਾਂ ਤੱਕ ਲਿਆਉਂਦਾ-ਲਿਆਉਂਦਾ ਉਹ ਜ਼ਿੰਦਗੀ ਨੂੰ ਵੀ ਠੀਕ ਅਰਥਾਂ ਵਿਚ ਸਮਝਣ ਦੀ ਇੱਛਾ ਰੱਖਦਾ ਹੈ। 'ਦਵੰਦ' ਕਵਿਤਾ ਵਿਚਲੇ ਸ਼ਬਦ 'ਨਾਲ ਮੇਰੇ ਮੇਰੀ ਗੁਫ਼ਤਗੂ ਨਹੀਂ ਮੁੱਕਦੀ...' ਦੇ ਮਨੋਭਾਵ ਮਨਵੀਰ ਦੇ ਜਜ਼ਬਾਤੀ, ਭਾਵੁਕ ਅਤੇ ਸੰਵੇਦਨਸ਼ੀਲ ਮਨ ਦੀ ਹਾਮੀ ਭਰਦੇ ਹਨ। ਮਨਵੀਰ ਦੀ ਕਵਿਤਾ ਪਾਠਕ ਨੂੰ ਜੀਵਨ ਵਿਚ ਵਾਪਰਦੇ ਤਲਖ਼ ਅਹਿਸਾਸਾਂ, ਭਾਵਨਾਵਾਂ, ਦਰਦਾਂ, ਚਾਹਤਾਂ, ਹਾਸਿਆਂ, ਰੋਸਿਆਂ, ਪਿਆਰ,


Received: 15 August 2025 Accepted: 28 August 2025 Published: 05 September 2025

ਨਫ਼ਰਤ, ਆਪਣਿਆਂ ਅਤੇ ਬੇਗਾਨਿਆਂ ਨਾਲ ਜੁੜੀਆਂ ਸਾਂਝਾਂ, ਲੋੜਾਂ ਅਤੇ ਥੁੜ੍ਹਾਂ ਦੇ ਰੂ-ਬ-ਰੂ ਕਰਾਉਂਦੀ ਹੈ। ਆਪਣਿਆਂ ਦੀ ਕਮੀ ਹਰ ਇਨਸਾਨ ਨੂੰ ਅਸਹਿ ਲੱਗਦੀ ਹੈ। ਔਰਤ ਮਨ ਨੂੰ ਤਾਂ ਇਸ ਪੱਖੋਂ ਬਹੁਤ ਹੀ ਸੰਵੇਦਨਸ਼ੀਲ ਮੰਨਿਆ ਗਿਆ ਹੈ ਕਿ ਉਹ ਆਪਣੇ ਬਹੁਤ ਨੇੜਲੇ ਪਰ ਦੂਰ ਹੋ ਚੁੱਕੇ ਰਿਸ਼ਤਿਆਂ ਨੂੰ ਯਾਦ ਕਰਕੇ ਅੱਥਰੂ ਵਹਾਉਣ ਲੱਗਦੀ ਹੈ ਪਰੰਤੂ ਪੁਰਸ਼ ਦੇ ਹਵਾਲੇ ਨਾਲ ਅਜਿਹਾ ਬਹੁਤ ਘੱਟ ਸੁਣਣ ਅਤੇ ਪੜ੍ਹਨ ਲਈ ਮਿਲਦਾ ਹੈ ਜਾਂ ਸ਼ਾਇਦ ਅਜਿਹੀ ਕਮੀ ਨੂੰ ਜ਼ਿਆਦਾਤਰ ਪੁਰਸ਼ ਸਵੀਕਾਰ ਕਰਨ ਤੋਂ ਝਿਜਕਦੇ ਹਨ। ਲੇਕਿਨ ਮਨਵੀਰ ਨੇ 'ਸਹੁੰ ਲੱਗੇ' ਕਾਵਿ ਸੰਗ੍ਰਹਿ ਵਿਚ ਪਿਤਾ ਦੀ ਨਿੱਘੀ ਯਾਦ ਅੰਦਰ ਰਚਿਤ ਕਵਿਤਾਵਾਂ ਵਿਚ ਸਹਿਜ ਭਾਵ ਨਾਲ ਆਪਣਿਆਂ ਦੀ ਦੂਰੀ ਦੀ ਚੀਸ ਨੂੰ ਮਨ ਤੋਂ ਸਵੀਕਾਰ ਕੀਤਾ ਹੈ। 'ਸੁੱਖ-ਦੇਵ' ਅਤੇ 'ਰਾਤ' ਕਵਿਤਾ ਵਿਚ ਮਨਵੀਰ ਲਿਖਦਾ ਹੈ:-

*ਭਾਵੇਂ ਤੁਹਾਡੀ ਫੋਟੋ 'ਤੇ ਟੰਗਿਆ ਹਾਰ*
*ਮੈਨੂੰ ਯਾਦ ਕਰਵਾਉਂਦਾ*
*ਨਹੀਂ ਹੋ ਹੁਣ ਤੁਸੀਂ*
*ਯਕੀਨ ਮੰਨਿਓ*
*ਦੁਨੀਆਂ ਦਾ ਇੱਕ ਕਾਫ਼ਲਾ*
*ਚਲਦਾ ਮੇਰੇ ਅੰਗ ਸੰਗ* [1]

*ਸ਼ੁਕਰ ਖ਼ੁਦਾ ਦਾ ਰੋਜ਼*
*ਇੱਕ ਰਾਤ ਹੁੰਦੀ ਹੈ*
*ਦਿਨ ਤਰਸਾਉਂਦਾ ਜਿਨ੍ਹਾਂ ਦੇ ਦੀਦਾਰ ਨੂੰ*
*ਨਾਲ ਉਹਨਾਂ ਮੁਲਾਕਾਤ ਹੁੰਦੀ ਹੈ*
*ਮੇਰੇ ਸੁਪਨੇ 'ਚ ਤਾਂ ਮੇਰਾ ਬਾਪੂ ਆਉਂਦੈ*
*ਆਉਂਦਿਆਂ ਹੀ ਘੁੱਟ ਜੱਫ਼ੀ ਪਾਉਂਦੈ...*
*ਉਸਦੀ ਖੱਬੀ ਬਾਂਹ 'ਤੇ ਸਿਰ ਰੱਖ ਕੇ*
*ਮੈਂ ਉਸ ਨਾਲ ਗੱਲਾਂ ਕਰਦਾਂ*
*ਤੇ ਉਹ ਦੀਨ ਦੁਨੀਆਂ ਦੀ*
*ਨਿੱਕੀ ਵੱਡੀ ਗੱਲ ਸਮਝਾਉਂਦੈ* [2]

ਇਨ੍ਹਾਂ ਸਤਰਾਂ ਵਿਚ ਪਿਆਰਮਈ ਰਿਸ਼ਤਿਆਂ ਦੀ ਨਿੱਘ ਦਾ ਅਹਿਸਾਸ ਝਲਕਦਾ ਦਿਖਾਈ ਦਿੰਦਾ ਹੈ ਜਿਸ ਵਿਚ ਮਨ ਅੰਦਰ ਪਿਤਾ ਦੀ ਯਾਦ ਖੌਰੂ ਪਾਉਂਦੀ ਜਾਪਦੀ ਹੈ। ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਵਿਚ ਮਨੁੱਖ ਹੋਰ ਸਭ ਕੁਝ ਕਰ ਸਕਦਾ ਹੈ ਬੱਸ ਇਕ ਜ਼ਿੰਦਗੀ ਦਾ ਪੈਂਡਾ ਮੁਕਾ ਕੇ ਤੁਰ ਗਏ ਫਰਿਸ਼ਤਿਆਂ ਰੂਪੀ ਰਿਸ਼ਤਿਆਂ ਨੂੰ ਮੋੜ ਕੇ ਨਹੀਂ ਲਿਆ ਸਕਦਾ। ਇਨ੍ਹਾਂ ਆਪਣਿਆਂ ਦੀਆਂ ਅਸੀਸਾਂ, ਭਰੋਸਾ, ਝਿੜਕਾਂ ਅਤੇ ਨਸੀਹਤਾਂ ਯਾਦਾਂ ਦੇ ਰੂਪ ਵਿਚ, ਜੀਵਨ ਦਾ ਇਕਮਾਤਰ ਸਰਮਾਇਆ ਬਣ ਕੇ ਰਹਿ ਜਾਂਦੀਆਂ ਹਨ। ਰਿਸ਼ਤਿਆਂ ਦੇ ਜੰਗਲ ਵਿਚ 'ਬਰੂਟਸ' ਕਵਿਤਾ ਦੋਸਤੀ ਦੇ ਰਿਸ਼ਤੇ ਵਿਚ ਪੈਦਾ ਹੋਈ ਈਰਖਾ ਅਤੇ ਇਸ ਈਰਖਾ ਦੇ ਕਾਰਨ ਉਪਜੇ ਅਵਿਸ਼ਵਾਸ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਕਵੀ ਲਿਖਦਾ ਹੈ-

*ਬੇਸ਼ੱਕ ਮੈਂ ਸੀਜ਼ਰ ਨਹੀਂ*
*ਪਰ ਕਤਲ*
*ਮੇਰਾ ਵੀ ਹੋਇਆ*
*ਕਹਾਣੀ ਦੇ ਅੱਧ ਵਿਚਕਾਰ*
*ਤੇ ਕਾਤਲ*
*ਸਾਰੇ ਵਫ਼ਾਦਾਰ ਹੀ ਨਿਕਲੇ*
*ਕਿਸ ਕਿਸ ਨੂੰ ਕਹਾਂ*
*ਬਰੂਟਸ!! ਤੂੰ ਵੀ...?* [3]

ਕਾਵਿ ਵਿਚ ਉਪਰੋਕਤ ਸ਼ਬਦਾਂ ਦੇ ਅਰਥ ਸਧਾਰਨ ਅਰਥਾਂ ਤਕ ਸੀਮਿਤ ਨਾ ਰਹਿ ਕੇ ਅਸਧਾਰਨਤਾ ਨੂੰ ਪੇਸ਼ ਕਰਦੇ ਹਨ ਜੋ ਸਮਾਜਿਕ ਅਤੇ ਮਾਨਵੀਂ ਮੁੱਦਿਆਂ ਦੇ ਵਿਭਿੰਨ ਪਾਸਾਰਾਂ ਨੂੰ ਉਘਾੜਦੇ ਹਨ।

*ਸੰਨਾਟੇ ਨੂੰ ਤੋੜ ਕੇ ਚਾਨਣ*
*ਜਦ ਖ਼ਲਕਤ ਨੂੰ ਜਗਾਉਂਦਾ ਹੈ*
*ਤਾਂ ਜ਼ਿੰਦਗੀ*
*ਕੁਦਰਤ ਦਾ ਰਾਗ*
*ਅਲਾਪਣਾ ਸ਼ੁਰੂ ਕਰ ਦਿੰਦੀ ਏ*
*ਤੇ ਸੂਰਜ ਸਮਝਦਾ ਏ*
*ਕਿ ਮੇਰੇ ਵਰਗਾ ਹੋਰ ਕੋਈ ਨਹੀਂ*
*ਪਰ ਉਹ ਵੀ ਤਾਂ ਸੂਰਜ ਹੀ ਨੇ*
*ਜਿਸਦੀ ਹੋਂਦ ਦਾ ਅਹਿਸਾਸ*
*ਕਦੇ ਹਨੇਰਾ ਨਹੀਂ ਹੋਣ ਦਿੰਦਾ*
*ਤੇ ਜਿਸਦਾ ਨਿੱਘ ਘੜੀਆਂ ਦਾ ਮੁਥਾਜ ਨਹੀਂ ...* [4]

ਕਾਵਿ ਵਿਚ ਉਪਰੋਕਤ ਸੰਵੇਦਨਮਈ ਅਹਿਸਾਸ ਸ਼ਾਇਦ ਕਈ ਦਰਦਾਂ ਨੂੰ ਸਮਝਣ ਅਤੇ ਹੰਢਾਉਣ ਤੋਂ ਬਾਅਦ ਆਉਂਦਾ ਹੈ। ਮਨਵੀਰ 'ਸੱਟ', 'ਜਨਮ' ਅਤੇ 'ਸਪੱਸ਼ਟੀਕਰਨ' ਕਵਿਤਾਵਾਂ ਵਿਚ ਸਪੱਸ਼ਟ ਕਰਦਾ ਹੈ ਕਿ ਉਸਦੀ ਕਾਵਿ

ਸਿਰਜਣਾ ਕਿਸੇ ਸੱਟ ਜਾਂ ਉਦਾਸੀ ਦਾ ਨਤੀਜਾ ਨਹੀਂ ਹੈ। ਪਰ ਮਨਵੀਰ ਦੀਆਂ ਕਵਿਤਾਵਾਂ ਪੜਦਿਆਂ ਆਪ ਮੁਹਾਰੇ ਹੀ ਕਈ ਸਵਾਲ ਵੀ ਪੈਂਦਾ ਹੁੰਦੇ ਹਨ? ... ਉਹ ਕਵਿਤਾ ਲਿਖਣ ਲਈ ਮਹਿਬੂਬ ਦੀ ਹੋਂਦ ਨੂੰ ਜ਼ਰੂਰੀ ਨਹੀਂ ਸਮਝਦਾ ਪਰੰਤੂ ਸ਼ਾਇਦ ਇਨ੍ਹਾਂ ਦੋਹਾਂ ਦਾ ਭਾਵ ਜੀਵਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਹਮੇਸ਼ਾ ਕਾਰਜਸ਼ੀਲ ਰਹਿੰਦਾ ਹੈ। ਜ਼ਿੰਦਗੀ ਵਿਚ ਕੋਈ ਪੀੜ, ਅਧੂਰੇ ਸੁਪਨੇ ਅਤੇ ਮੁਹੱਬਤ ਦੀ ਚਿਣਗ ਦੇਣ ਵਾਲਾ ਰਿਸ਼ਤਾ ਸਿਰਫ਼ ਕਿਸੇ ਪ੍ਰੇਮੀ-ਪ੍ਰੇਮਿਕਾ ਦਾ ਰਿਸ਼ਤਾ ਹੀ ਨਹੀਂ ਹੁੰਦਾ ਸਗੋਂ ਕੋਈ ਹੋਰ ਨੇੜਲਾ ਰਿਸ਼ਤਾ ਵੀ ਹੋ ਸਕਦਾ ਹੈ। ਰਿਸ਼ਤਿਆਂ ਦੀਆਂ ਯਾਦਾਂ, ਨਿੱਘ, ਧੁੱਪ, ਛਾਂ, ਪ੍ਰੇਮ, ਈਰਖਾ ਜਾਂ ਵਿਛੋੜਾ ਮਨ ਦੇ ਖਾਸ ਕੋਨੇ ਨਾਲ ਜਜ਼ਬਾਤਾਂ ਦੀ ਸਾਂਝ ਰੱਖਦਾ ਹੈ। ਇਸ ਪੱਖ ਤੋਂ 'ਸਹੁੰ ਲੱਗੇ' ਕਾਵਿ ਸੰਗ੍ਰਹਿ ਵਿਚ 'ਜੋਗੀ' 'ਹਾਦਸਾ', 'ਬੂਟਾ', 'ਆਸ', 'ਆਖਰੀ ਹੰਝੂ', 'ਵਾਅਦੇ', 'ਬੋਲਾਂ ਵਿਚਲੀ ਤੜਫ਼', 'ਅਸਫ਼ਲ', ਕੁਰਬਾਨ, ਕੁਦਰਤ ਅਤੇ 'ਮਹਾਂਕਾਵਿ' ਆਦਿ ਕਵਿਤਾਵਾਂ ਨੂੰ ਵਿਚਾਰ ਸਕਦੇ ਹਾਂ। ਕਵੀ ਲਿਖਦਾ ਹੈ-

*ਸੱਚੀ ਸੌਂਹ ਲੱਗੇ*
*ਮੈਂ ਤੇਰੀ ਡਾਇਰੀ ਨਹੀਂ ਪੜ੍ਹੀ*
*ਮੈਂ ਮਹਿਸੂਸ ਕਰ ਲੈਂਦਾ ਹਾਂ*
*ਤੇਰੇ ਬੋਲਾਂ 'ਚੋਂ ਤੇਰੀ ਤੜਫ਼...*[5]

*ਹਾਦਸਿਆਂ ਦੇ ਮੱਲ੍ਹਮ*
*ਲੱਭਦੇ ਲੱਭਦੇ*
*ਰੂਪੋਸ਼ ਹੋ ਗਏ ਸੀ*
*ਤੇਰੀਆਂ ਯਾਦਾਂ ਦੇ ਹਨੇਰ ਭੋਰੇ ਵਿੱਚ*
*ਮੇਰੇ ਹੱਥਾਂ ਵੱਲ ਵੇਖ*
*ਕਿੰਨੇ ਸੋਹਣੇ ਸੋਹਣੇ ਹਰਫ਼*
*ਲੱਭੇ ਨੇ ਮੈਨੂੰ*
*ਤੇ ਹੁਣ ਮੈਂ*
*ਤੇਰੇ ਮੇਚ ਦਾ*
*ਇੱਕ ਮਹਾਂਕਾਵਿ ਲਿਖਾਂਗਾ ...*[6]

ਮਨਵੀਰ ਦੀ ਕਵਿਤਾ ਸਮੂਹ ਮਨ ਦੇ ਭਾਵਾਂ ਦੀ ਤਰਜਮਾਨੀ ਕਰਦੀ ਹੈ। ਕਾਵਿ ਅਧਿਐਨ ਦੌਰਾਨ ਪਾਠਕ ਆਪਣੀਆਂ ਭਾਵਨਾਵਾਂ, ਅਹਿਸਾਸਾਂ ਅਤੇ ਜੀਵਨ ਦੀਆਂ ਸਮੱਸਿਆਵਾਂ ਦੀ ਤਸਵੀਰ ਪ੍ਰਗਟ ਹੁੰਦੀ ਮਹਿਸੂਸ ਕਰਦਾ ਹੈ। ਇਸ ਪੱਖ ਤੋਂ ਕਵਿਤਾ 'ਸਿਰਨਾਵਾਂ' ਨੂੰ ਵਿਚਾਰਿਆ ਜਾ ਸਕਦਾ ਹੈ ਜੋ ਵਿਸ਼ਵੀਕਰਨ ਦੀ ਮਾਰ ਝੱਲ ਰਹੇ ਅਜੋਕੇ ਮਨੁੱਖ ਦੀ ਬਿਖਰ ਚੁੱਕੀ ਸੰਵੇਦਨਾ ਨੂੰ ਪੇਸ਼ ਕਰਦੀ ਹੈ-

*ਤੂੰ ਹੀ ਦੱਸ ਕੋਈ ਸਿਰਨਾਵਾਂ*
*ਹਰ ਪੀੜ ਜਿਸ ਕੋਲ ਫਰੋਲ ਆਵਾਂ*
*ਬੜੇ ਚਿਰ ਤੋਂ ਭਟਕ ਰਹੀਆਂ ਨੇ*
*ਫ਼ਿਜ਼ਾਵਾਂ 'ਚ ਨਾ ਮਨਜ਼ੂਰ ਦੁਆਵਾਂ ...*[7]

ਮਨੁੱਖ ਆਪਣੇ ਨੇੜਲੇ ਰਿਸ਼ਤਿਆਂ ਪ੍ਰਤੀ ਮੋਹ ਦੀਆਂ ਤੰਦਾਂ ਵਿਚ ਇਸ ਕਦਰ ਬੱਝਾ ਹੁੰਦਾ ਹੈ ਕਿ ਉਹ ਇਨ੍ਹਾਂ ਪ੍ਰਤੀ ਪ੍ਰੇਮਮਈ ਭਾਵਨਾਵਾਂ ਨਾਲੋਂ ਕਦੇ ਟੁੱਟ ਨਹੀਂ ਸਕਦਾ। ਨੇੜੇ ਹੋ ਦੂਰ ਹੋਏ ਕੁਝ ਰਿਸ਼ਤਿਆਂ ਪ੍ਰਤੀ ਮਨੁੱਖ ਦਾ ਰਵੱਈਆ ਕੌੜੇ ਅਹਿਸਾਸਾਂ ਨਾਲ ਜਦਕਿ ਕੁਝ ਪ੍ਰਤੀ ਪਿਆਰ, ਮੋਹ ਅਤੇ ਅਪਣੱਤ ਭਰੇ ਭਾਵਾਂ ਨਾਲ ਭਰਪੂਰ ਹੁੰਦਾ ਹੈ। ਮਨਵੀਰ ਕਾਵਿ ਦੋਸਤੀ ਦੇ ਮਨੁੱਖ ਸਿਰਜਿਤ ਰਿਸ਼ਤੇ ਦੇ ਦੋਹਾਂ ਪਹਿਲੂਆਂ ਨੂੰ ਚਿਤਰਦਾ ਹੈ। ਜਿੱਥੇ 'ਯਾਰ ਮੇਰੇ' ਕਵਿਤਾ ਦੋਸਤਾਂ ਮਿੱਤਰਾਂ ਦੀ ਚੰਗੀ ਸੋਚ ਅਤੇ ਯਾਰਾਂ ਪ੍ਰਤੀ ਹਮੇਸ਼ਾਂ ਵਫਾਦਾਰ ਰਹਿਣ ਵਾਲੇ ਨੇੜਲੇ ਹਮਾਇਤੀਆਂ ਦੀ ਸਿਫ਼ਤ ਕਰਦੀ ਹੈ ਉੱਥੇ 'ਵੈਰੀ ਯਾਰ' ਕਵਿਤਾ ਨੇੜੇ ਹੋ ਦੂਰ ਹੋਏ ਯਾਰਾਂ ਦੀ ਈਰਖਾਲੂ ਫ਼ਿਤਰਤ ਨੂੰ ਉਜਾਗਰ ਕਰਦੀ ਹੈ-

*ਕੁਝ ਯਾਰ ਮੇਰੇ ਬੋਹੜਾਂ ਵਰਗੇ*
*ਧੁੱਪਾਂ ਜਰਦੇ ਛਾਵਾਂ ਕਰਦੇ*
*ਹੱਕ 'ਚ ਮੇਰੇ ਸਦਾ ਹੀ ਖੜਦੇ*[8]

*ਸਹੇੜੇ ਕੁਝ ਵੈਰੀ ਯਾਰ*
*ਕਰ ਗਏ ਜੋ ਵਾਰ ਹਜ਼ਾਰ*
*ਵਾਰਾਂ ਦੀ ਚੀਸ*
*ਮੈਨੂੰ ਬੜਾ ਤੰਗ ਕਰਦੀ ...*[9]

ਸਮਾਂ ਅਤੇ ਹਾਲਾਤ ਮਨੁੱਖ ਨੂੰ ਬਹੁਤ ਕੁਝ ਸਿਖਾ ਜਾਂਦੇ ਹਨ। ਸਭਿਆਚਾਰਕ ਵਿਰਸੇ ਦਾ ਬਹੁਤ ਕੁਝ ਸਮਕਾਲੀ ਦੌਰ ਤਕ ਸਮੇਂ ਦੇ ਵਹਿਣ ਵਿਚ ਵਹਿ ਗਿਆ ਹੈ ਅਤੇ ਪੁਰਾਣੇ ਦੀ ਥਾਂ ਨਵੇਂ ਪਹਿਲੂ ਉਭਰ ਆਏ ਹਨ। ਇਸੇ ਸੰਦਰਭ ਵਿਚ 'ਅੰਤਰ ਵਿਰੋਧ' ਕਵਿਤਾ ਅਜੋਕੀ ਲੱਚਰ ਗਾਇਕੀ 'ਤੇ ਚੋਟ ਮਾਰਦੀ ਹੈ ਅਤੇ ਸਭਿਆਚਾਰਕ ਵਿਰਸੇ ਨਾਲੋਂ ਟੁੱਟੇ ਲੋਕਾਂ ਉੱਤੇ ਵੀ ਤਿੱਖਾ ਵਿਅੰਗ ਕਰਦੀ ਹੈ। ਸਾਡੇ ਸਮਾਜ ਅੰਦਰ ਜ਼ਿਆਦਾਤਰ ਲੋਕ ਆਪ ਬੇ-ਵਿਰਸੀ ਤੇ ਲੱਚਰ ਮੰਨੀ ਜਾਂਦੀ ਗਾਇਕੀ ਅਤੇ ਨਾਚ ਦਾ ਹਿੱਸਾ ਬਣਦੇ ਹਨ ਪਰੰਤੂ

ਦੂਸਰਿਆਂ ਨੂੰ ਸਭਿਆਚਾਰਕ ਵਿਰਾਸਤ ਦੇ ਗੰਧਲੇ ਹੋਣ ਦੇ ਪ੍ਰਵਚਨ ਦਿੰਦੇ ਹੋਏ ਇਸਦੀ ਸੰਭਾਲ ਦੇ ਢੰਗ ਤਰੀਕੇ ਸਮਝਾਉਂਦੇ ਹਨ। ਕਵੀ ਨੇ ਬਹੁਤ ਸੋਹਣੇ ਸ਼ਬਦਾਂ ਵਿਚ ਅਜਿਹੇ ਦੋਗਲੇ ਕਿਰਦਾਰ ਵਾਲੇ ਮੁਖੌਟਾਮਈ ਵਿਅਕਤੀਤਵ 'ਤੇ ਗਹਿਰੀ ਚੋਟ ਮਾਰੀ ਹੈ। ਮਨਵੀਰ ਲਿਖਦਾ ਹੈ-

*ਤਿੰਨ ਕੁ ਪੈੱਗ ਲਾ ਕੇ*
*ਵਿਆਹ ਦੀ ਪਾਰਟੀ 'ਚ*
*ਸਟੇਜ 'ਤੇ ਨੱਚਦੇ ਹੁਸਨ ਨਾਲ*
*ਚਾਰ ਠੁਮਕੇ ਲਾਉਣ ਤੋਂ ਬਾਅਦ*
*ਗੋਲ ਮੇਜ਼ 'ਤੇ ਲੱਗੀ ਮਹਿਫ਼ਿਲ ਵਿੱਚ*
*ਉਹ ਪ੍ਰਵਚਨ ਕਰਦਾ ਹੈ*
*ਗਾਇਕਾਂ ਤੇ ਗੀਤਕਾਰਾਂ ਨੇ*
*ਸਭਿਆਚਾਰ ਦਾ ਬੇੜਾ*
*ਗ਼ਰਕ ਕਰ ਦਿੱਤਾ ਏ*[10]

ਕਿਤਾਬਾਂ ਜ਼ਿੰਦਗੀ ਦਾ ਨਜ਼ਰੀਆਂ ਬਦਲਣ ਅਤੇ ਚੇਤਨਾ ਵਿਕਸਿਤ ਕਰਨ ਵਿਚ ਅਹਿਮ ਭੂਮਿਕਾ ਅਦਾ ਕਰਦੀਆਂ ਹਨ। ਕਵੀ ਕਿਤਾਬਾਂ ਬਾਰੇ ਆਪਣਾ ਨਜ਼ਰੀਆਂ ਸਪਸ਼ਟ ਕਰਦਾ ਹੋਇਆ ਕਿਤਾਬਾਂ ਦੇ 'ਅਰਥਾਂ ਤੋਂ ਖ਼ਾਲੀ' ਅਤੇ 'ਇਬਾਦਤ ਵਰਗੀ' ਕਵਿਤਾਵਾਂ ਵਿਚ ਕੁਝ ਕਿਤਾਬਾਂ ਦੇ ਪੜ੍ਹਨਯੋਗ ਹੋਣ ਜਦਕਿ ਕੁਝ ਦੇ ਨਾ-ਪੜ੍ਹਨਯੋਗ ਹੋਣ ਸਬੰਧੀ ਵਿਚਾਰ ਪੇਸ਼ ਕਰਦਾ ਲਿਖਦਾ ਹੈ-

*ਵਾਰ ਵਾਰ ਪੜ੍ਹਾਂ*
*ਤੇ ਪੜ੍ਹਦਾ ਹੀ ਜਾਵਾਂ*
*ਕੁਝ ਕਿਤਾਬਾਂ*
*ਇਬਾਦਤ ਬਣ ਜਾਂਦੀਆਂ ਨੇ...*[11]

*ਸੋਹਣੀਆਂ ਜਿਲਦਾਂ ਲੁਭਾਉਣੀਆਂ*
*ਵਰਕੇ ਚਾਂਦੀ*
*ਅੱਖਰ ਸੁਨਹਿਰੇ*
*ਪਰ ਅਰਥਾਂ ਤੋਂ ਖਾਲੀ*
*ਹਰ ਕਿਤਾਬ*
*ਪੜ੍ਹਨਯੋਗ ਨਹੀਂ ਹੁੰਦੀ*[12]

ਮਾਨਵੀ ਚੇਤਨਾ ਦੀ ਸੋਝੀ ਦੇ ਅੰਤਰਗਤ ਮਨਵੀਰ ਆਪਣੇ ਕਾਵਿ ਵਿਚ ਕਿਧਰੇ-ਕਿਧਰੇ ਜੁਝਾਰੂ ਬਿਰਤੀ ਨੂੰ ਪ੍ਰਗਟ ਕਰਦਾ ਹੈ। ਜਿਸ ਵਿਚ ਜ਼ਿੰਦਗੀ ਦੇ ਸੰਘਰਸ਼ ਵਿਚ ਕਦੇ ਈਨ ਨਾ ਮੰਨਣ ਸਗੋਂ ਚੇਤਨਮਈ ਧੌਂਸ, ਹਿੰਮਤ, ਲਗਨ ਅਤੇ ਪੂਰਨ ਜਾਗਰੂਕਤਾ ਨਾਲ ਆਪਣੇ ਹੱਕ ਪ੍ਰਾਪਤ ਕਰਨ ਦੀ ਤਾਕੀਦ ਕਰਦਾ ਹੈ। ਅਜਿਹੀ ਜੁਝਾਰੂ ਬਿਰਤੀ ਮਨੁੱਖ ਨੂੰ ਜ਼ਿੰਦਗੀ ਦੇ ਉੱਘੜ ਦੁੱਗੜੇ ਔਖੇ ਪੈਂਡੇ ਵਿਚ ਹਥਿਆਰ ਨਾ ਸੁੱਟਣ ਸਗੋਂ ਹੌਂਸਲੇ ਨਾਲ ਹਰ ਹਾਲਾਤ ਦਾ ਸਾਹਮਣਾ ਕਰਦੇ ਹੋਇਆਂ ਅੱਗੇ ਵਧਣ ਦਾ ਗੁਰ ਸਿਖਾਉਂਦੀ ਹੈ। ਮਨਵੀਰ ਲਿਖਦਾ ਹੈ-

*ਮੈਂ ਵਕਤ ਦੇ ਮੋਢੇ 'ਤੇ*
*ਬੰਦੂਕ ਧਰ ਕੇ*
*ਬਦਕਿਸਮਤੀ ਦੀ ਡੁਗਡੁਗੀ ਨਹੀਂ ਵਜਾਉਣੀ...*
*ਹਾਲਾਤਾਂ ਦੀ ਹਿੱਕ 'ਤੇ ਗੋਡਾ ਰੱਖ ਕੇ*
*ਮੈਂ ਆਪਣੀ ਹਰ ਜ਼ਿੱਦ ਪੁਗਾਉਣੀ ...*[13]

*ਨਾ ਅੱਧਾ ਚਾਹੀਦਾ*
*ਨਾ ਅਧੂਰਾ ਚਾਹੀਦਾ*
*ਮੇਰੇ ਹਿੱਸੇ ਦਾ ਆਸਮਾਨ*
*ਮੈਨੂੰ ਪੂਰਾ ਚਾਹੀਦਾ...*[14]

ਮਨਵੀਰ ਦੀ ਚੇਤਨਮਈ ਕਾਵਿ ਸੁਰ ਪਾਠਕ ਨੂੰ ਜ਼ਿੰਦਗੀ ਦੇ ਬਿਖੜੇ ਕਠਿਨ ਪੈਂਡੇ ਵਿਚ ਹਥਿਆਰ ਨਾ ਸੁੱਟਣ, ਸਗੋਂ ਹਿੰਮਤ ਅਤੇ ਹੌਂਸਲੇ ਨਾਲ ਔਖੇ ਪੈਂਡਿਆਂ ਨੂੰ ਸਰ ਕਰਨ ਦੀ ਗਵਾਹੀ ਭਰਦੀ ਹੈ। ਮਨਵੀਰ ਦੀ ਕਾਵਿ ਸਿਰਜਣਾ ਹੋਣੀ ਨੂੰ ਸਵਿਕਾਰਦੀ ਹੈ ਅਤੇ ਫ਼ਿਕਰਾਂ ਦੇ ਝਮੇਲੇ ਨੂੰ ਹੋਣੀ ਦੇ ਹੱਥ ਛੱਡ ਮਸਤ ਹੋ ਜ਼ਿੰਦਗੀ ਜਿਉਣ ਦੀ ਹਾਮੀ ਭਰਦੀ ਹੈ। ਉਸਦਾ ਵਿਚਾਰ ਹੈ ਕਿ ਮਨੁੱਖ ਦੀ ਜ਼ਿੰਦਗੀ ਇਕ ਕਿਤਾਬ ਦੀ ਤਰ੍ਹਾਂ ਹੈ ਜਿਸ ਨੂੰ ਸਧਾਰਨ ਨਜ਼ਰੇ ਨਹੀਂ ਸਮਝਿਆ ਜਾ ਸਕਦਾ ਸਗੋਂ ਜ਼ਿੰਦਗੀ ਦੀਆਂ ਤੰਗੀਆਂ ਤੁਰਸ਼ੀਆਂ ਅਤੇ ਜੀਵਨ ਸੰਘਰਸ਼ਾਂ ਵਿਚੋਂ ਲੰਘਦੇ ਹੋਇਆਂ ਇਕ ਵਿਸ਼ੇਸ਼ ਅਨੁਭਵ ਅਤੇ ਚੇਤਨ ਦ੍ਰਿਸ਼ਟੀਕੋਣ ਨਾਲ ਹੀ ਜ਼ਿੰਦਗੀ ਦੇ ਸੱਚ ਦੀ ਪਛਾਣ ਕੀਤੀ ਜਾ ਸਕਦੀ ਹੈ। ਮਨਵੀਰ ਕਾਵਿ ਇਸ ਗੱਲ ਦੀ ਤਰਜਮਾਨੀ ਕਰਦਾ ਹੈ ਕਿ ਕਿਸੇ ਅਨੁਭਵੀ ਸੰਘਰਸ਼ੀਲ ਰਹੇ ਮਨੁੱਖ ਦੀ ਜੀਵਨ ਗਾਥਾ ਤੋਂ ਕਾਫ਼ੀ ਕੁਝ ਸਿੱਖਿਆ ਜਾ ਸਕਦਾ ਹੈ। ਮਨਵੀਰ ਲਿਖਦਾ ਹੈ:-

*ਹਾਂ ਜੇ ਤੈਨੂੰ ਮੇਰੇ ਸਾਰੇ ਅੱਖਰ*
*ਸ਼ਬਦ ਤੇ ਵਾਕ*
*ਸਮਝ ਆ ਗਏ*

*ਤਾਂ ਤੇਰੇ ਰਾਹਾਂ ਦੇ ਕਈ ਕੰਡੇ*

*ਚੁਗੇ ਜਾਣਗੇ*

*ਤੇ ਤੂੰ ਵੀ ਸਿੱਖ ਲਵੇਂਗਾ*

*ਉਹ ਹੁਨਰ*

*ਕਿ ਧੁੱਪਾਂ 'ਚ ਛਾਵਾਂ ਦਾ ਆਨੰਦ*

*ਕਿਵੇਂ ਮਾਣਿਆ ਜਾਂਦਾ ਏ...* [15]

ਕਵਿਤਾ 'ਸੂਰਤ-ਸੀਰਤ' ਨਜ਼ਰ ਅਤੇ ਸੋਚ ਦੀ ਖ਼ੂਬਸੂਰਤੀ ਦੀ ਅਨੋਖੀ ਮਿਸਾਲ ਹੈ। ਇਸਦੇ ਸ਼ਬਦ ਸੱਚਮੁੱਚ ਸੂਰਤ ਅਤੇ ਸੀਰਤ ਦੀ ਇਕਮਿਕਤਾ ਨੂੰ ਪ੍ਰਗਟ ਕਰਦੇ ਹਨ। 'ਸਜ਼ਾ' ਕਵਿਤਾ ਚੁੱਪ ਵਿਚਲੀ ਤਾਕਤ ਨੂੰ ਉਜਾਗਰ ਕਰਦੀ ਹੈ। ਜੀਵਨ ਵਿਚ ਕਈ ਵਾਰ ਮਨੁੱਖ ਜਿੰਨਾਂ ਲੋਕਾਂ ਨਾਲ ਉਲਝਣਾ ਨਹੀਂ ਚਾਹੁੰਦਾ ਹੁੰਦਾ, ਉਨ੍ਹਾਂ ਲੋਕਾਂ ਨਾਲ ਵਾਰਤਾਲਾਪ ਬੰਦ ਕਰਕੇ ਆਪਣੇ ਵਿਰੋਧ ਦਾ ਪ੍ਰਗਟਾਵਾ ਹੋਰ ਵੀ ਬਲਪੂਰਨ ਢੰਗ ਨਾਲ ਕਰ ਸਕਦਾ ਹੈ। 'ਸਜ਼ਾ' ਕਵਿਤਾ ਦੂਰਦ੍ਰਿਸ਼ਟੀ, ਸ਼ਾਂਤਮਈ ਵਿਰੋਧ ਅਤੇ ਸੂਝ ਦੇ ਸੰਕਲਪ ਨਾਲ ਓਤਪੋਤ ਹੈ ਜਿਸ ਵਿਚ ਕਵੀ ਕਿਸੇ ਨੇੜਲੇ ਰਿਸ਼ਤੇ ਵੱਲੋਂ ਕੀਤੀ ਸ਼ਬਦੀ ਵਧੀਕੀ ਦਾ ਜਵਾਬ ਬਹੁਤ ਸਲੀਕੇ ਨਾਲ ਚੁੱਪ ਅਤੇ ਸ਼ਾਂਤਮਈ ਆਲਮ ਵਿਚ ਦੇਣ ਨੂੰ ਜ਼ਿਆਦਾ ਅਸਰਦਾਰ ਸਮਝਦਾ ਹੈ-

*ਮੈਨੂੰ ਨਹੀਂ ਆਉਂਦਾ*

*ਉਂਗਲਾਂ ਕਰ-ਕਰ ਲੜਨਾ...*

*ਤੇਰੇ ਸੋਹਣੇ ਸ਼ਬਦਾਂ ਦਾ ਕਰਜ਼ਾ*

*ਮੈਂ ਸ਼ਹਿਦ ਵਰਗੇ*

*ਸ਼ਬਦਾਂ ਨਾਲ ਉਤਾਰਾਂਗਾ ਹਰ ਕੀਮਤ 'ਤੇ*

*ਪਰ ਮੈਂ ਐਨਾ ਗਿਆ ਗੁਜ਼ਰਿਆ ਨਹੀਂ*

*ਜੋ ਨਜ਼ਰਅੰਦਾਜ਼ ਕਰ ਦੇਵਾਂ*

*ਮੇਰੀ ਸ਼ਾਨ ਦੇ ਖਿਲਾਫ਼ ਤੇਰੀ*

*ਹਰ ਗੁਸਤਾਖ਼ੀ ਨੂੰ*

*ਤੇ ਤੇਰੀ ਸਜ਼ਾ*

*ਮੇਰੀ ਚੁੱਪ ਹੀ ਹੋਵੇਗੀ...* [16]

'ਸਜ਼ਾ', 'ਸਬਰ', 'ਆਸ' ਅਤੇ 'ਵਾਅਦੇ' ਆਦਿ ਕਵਿਤਾਵਾਂ ਕਵੀ ਦੇ ਸੰਵੇਦਨਸ਼ੀਲ ਵਿਅਕਤੀਤਵ ਨੂੰ ਬਿਆਨ ਕਰਦੀਆਂ ਹਨ। 'ਸਬਰ' ਕਵਿਤਾ ਮਨੁੱਖ ਨੂੰ ਸਬਰ ਸੰਤੋਖ ਵਿਚ ਵਿਚਰਦਿਆਂ ਹਰ ਇਨਸਾਨ ਨਾਲ ਬੜੇ ਸਲੀਕੇ ਅਤੇ ਠਰੰਮੇ ਨਾਲ ਪੇਸ਼ ਆਉਣ ਦੀ ਹਾਮੀ ਭਰਦੀ ਹੈ। ਔਰਤ ਮਨ ਦੀ ਵੇਦਨਾ ਨੂੰ 'ਆਸ' ਕਵਿਤਾ ਵਿਚ ਬਹੁਤ ਨਿਵੇਕਲੇ ਸੰਵਾਦ ਵਿਚ ਪੇਸ਼ ਕੀਤਾ ਗਿਆ ਹੈ। ਬੰਦਾ ਹੀ ਬੰਦੇ ਦਾ ਦਾਰੂ ਹੁੰਦਾ ਹੈ। ਰੌਸ਼ਨੀ ਦੀ ਚਿਣਗ, ਪਿਆਰ. ਮੋਹ, ਤਰਸ ਅਤੇ ਮਾਰਗਦਰਸ਼ਕ ਬਣਨ ਦੀ ਆਸ ਮਨੁੱਖ ਨੂੰ ਮਨੁੱਖ ਪ੍ਰਤੀ ਪਿਆਰਮਈ ਅਹਿਸਾਸ ਨਾਲ ਜੋੜਦੀ ਹੈ। ਜਿਹੜੀ ਉਲਝਣਮਈ ਜੀਵਨ ਵਰਤਾਰੇ ਵਿਚ ਕਿਸੇ ਜੀਵਨ ਆਸ ਤੋਂ ਟੁੱਟੇ ਪੁਰਸ਼ ਜਾਂ ਔਰਤ ਨੂੰ ਨਵਾਂ ਜੀਵਨ ਪ੍ਰਦਾਨ ਕਰ ਸਕਦੀ ਹੈ ਕਿਉਂਕਿ ਕਿਸੇ ਮੁਸ਼ਕਿਲ ਦੀ ਘੜੀ ਵਿਚ ਮਨੁੱਖ ਹੀ ਮਨੁੱਖ ਲਈ ਫਰਿਸ਼ਤੇ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਜੋ ਪੀੜਿਤ ਨੂੰ ਸੰਭਾਲ, ਸੰਵਾਰ ਅਤੇ ਪਾਰ ਲੰਘਾ ਸਕਦਾ ਹੈ। ਮਨਵੀਰ ਲਿਖਦਾ ਹੈ-

*ਮੈਂ ਉੱਧੜ ਜਿਹੀ ਗਈ ਹਾਂ*

*ਜੇ ਬੁਣ ਸਕਦਾ ਹੈ ਤਾਂ ਮੈਨੂੰ ਬੁਣ*

*ਗੱਲ ਰਿਸ਼ਤੇ ਦੇ ਨਾਮ ਦੀ ਨਹੀਂ*

*ਗੱਲ ਤਾਂ ਮੇਰੇ ਅੰਜ਼ਾਮ ਦੀ ਹੈ*

*ਤੂੰ ਭਾਵੇਂ ਪਿਓ ਬਣ, ਭਰਾ ਬਣ*

*ਜਾਂ ਬਣ ਜਾ ਮੇਰਾ ਪਿਆਰ*

*ਮੈਨੂੰ ਆਪਣੀ ਹੀ ਸਮਝ*

*ਤੇ ਮੈਨੂੰ ਸਮਝ ਸਮਝ ਬੁਣ* [17]

ਮਨਵੀਰ ਕਾਵਿ ਸਮਾਜ ਵਿਚ ਦਰਪੇਸ਼ ਧਾਰਮਿਕ, ਆਰਥਿਕ, ਰਾਜਸੀ ਅਤੇ ਸਭਿਆਚਾਰਕ ਪੱਖਾਂ ਵਿਚ ਪਸਰੇ ਭੈੜੇ ਵਰਤਾਰੇ ਦੀ ਨਿਸ਼ਾਨਦੇਹੀ ਕਰਨ ਦੇ ਨਾਲ-ਨਾਲ ਇਨ੍ਹਾਂ ਵਿਚ ਆ ਚੁੱਕੀਆਂ ਬੁਰਾਈਆਂ ਨੂੰ ਉਘਾੜਦਾ ਹੈ। ਪੰਜਾਬ ਦੇ ਮੌਜੂਦਾ ਰਾਜਸੀ ਵਰਤਾਰੇ ਨੇ ਬਲਵਾਨ, ਸੂਝਵਾਨ, ਜੁਝਾਰੂ, ਚੇਤਨਮਈ ਅਤੇ ਲੋਕ ਪੱਖੀ ਬਿਰਤੀ ਦੇ ਮਾਲਕ ਕਈ ਦੀਪ ਫਰਜ਼ੀ ਪੁਲਿਸ ਮੁਕਾਬਲਿਆਂ ਅਤੇ ਹੋਰ ਢੰਗ-ਤਰੀਕਿਆਂ ਨਾਲ ਬੁਝਾ ਦਿੱਤੇ ਗਏ ਹਨ। ਇਸੇ ਸੰਦਰਭ ਵਿਚ ਮਨਵੀਰ ਕਾਵਿ ਅਗਲੀਆਂ ਪੀੜ੍ਹੀਆਂ ਦੇ ਜਾਗਰੂਕ ਹੋਣ ਉੱਤੇ ਅਤੇ ਤਰੱਕੀ ਕਰਕੇ ਕਿਸੇ ਮੁਕਾਮ ਨੂੰ ਪਾਉਣ ਦੀ ਅਵਸਥਾ 'ਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। 'ਬੁਝ ਰਹੇ ਦੀਪ' ਕਵਿਤਾ ਵਿਚ ਮਨਵੀਰ ਲਿਖਦਾ ਹੈ-

*ਚਾਰ ਮਹੀਨਿਆਂ 'ਚ*

*ਤਿੰਨ ਦੀਪ ਬੁਝ ਗਏ*

*ਨਹੀਂ! ਨਹੀਂ! ਬੁਝੇ ਨਹੀਂ*

*ਬੁਝਾ ਦਿੱਤੇ ਗਏ*

*ਤੇ ਮੈਂ ਹੁਣ ਚੁੱਪ ਹਾਂ*

*ਕਿਵੇਂ ਕਹਾਂ*

*ਆਪਣੇ ਫਰਜ਼ੰਦ ਨੂੰ*
*ਤੂੰ ਮਿਹਨਤ ਕਰ*
*ਤੇ ਸਫ਼ਲ ਹੋ ...* [18]

ਇਸੇ ਤਰ੍ਹਾਂ ਸਿਰਫ਼ ਗਿਆਨ ਧਿਆਨ ਤੇ ਕਰਮ ਧਰਮ ਦੀਆਂ ਗੱਲਾਂ ਹੀ ਮਨੁੱਖ ਦੇ ਜੀਵਨ ਨੂੰ ਕੋਈ ਸੁਚਾਰੂ ਦਿਸ਼ਾ ਨਹੀਂ ਦੇ ਸਕਦੀਆਂ। ਸਗੋਂ ਮਨੁੱਖ ਨੂੰ ਅਮਲੀ ਰੂਪ ਵਿਚ ਨੇਕ ਨੀਤੀ ਅਤੇ ਕਰਮ ਧਰਮ ਦੇ ਗੁਣ ਅਪਣਾਉਣ ਦੀ ਲੋੜ ਹੁੰਦੀ ਹੈ। ਨਿਰੀਆਂ ਪੋਥੀਆਂ ਪੜ੍ਹਨ, ਸੁਣਣ ਜਾਂ ਸੁਣਾਉਣ ਨਾਲ ਮਨੁੱਖ ਕਰਮੀ ਧਰਮੀ ਨਹੀਂ ਬਣ ਜਾਂਦਾ ਬਲਕਿ ਮਨ ਦੀ ਚੇਤਨਾ ਨੂੰ ਜਗਾ ਕੇ ਉੱਤਮ ਸੋਚ ਦੇ ਧਾਰਨੀ ਬਣਨਾ ਪੈਂਦਾ ਹੈ। ਇਸੇ ਤਰ੍ਹਾਂ ਦਿਖਾਵਾ ਮਾਤਰ ਕਰਨ ਨਾਲ ਜਾਂ ਵੱਡੇ-ਵੱਡੇ ਭਾਸ਼ਣ ਦੇਣ ਅਤੇ ਸਕੀਮਾਂ ਬਣਾਉਣ ਨਾਲ ਹੀ ਸਮਾਜ ਵਿਚ ਸੁਚਾਰੂ ਵਾਤਾਵਰਨ ਦੀ ਸਿਰਜਣਾ ਨਹੀਂ ਕੀਤੀ ਜਾ ਸਕਦੀ। ਇਸ ਪਰਿਪੇਖ ਵਿਚ ਰਾਜਸੀ ਕੂਟਨੀਤਿਕ ਬੁਰਸ਼ਾਗਰਦ ਲੀਡਰਾਂ ਦੁਆਰਾ ਚਲਾਈਆਂ ਜਾਂਦੀਆਂ ਸਮਾਜਿਕ ਵਿਕਾਸ ਦੇ ਨਾਮ ਤੇ ਸਕੀਮਾਂ ਅਤੇ ਧਰਮ ਦੇ ਨਾਂ ਤੇ ਹੁੰਦੇ ਪਾਖੰਡ ਤੇ ਤਿੱਖੀ ਚੋਟ ਕਰਦਾ ਮਨਵੀਰ ਲਿਖਦਾ ਹੈ -

*ਜੇ ਸਿੱਖਣਾ ਹੀ ਹੁੰਦਾ*
*ਤਾਂ ਦੋ ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਇਆ ਸੀ*
*ਜ਼ਿੰਦਗੀ ਨੂੰ ਬਿਹਤਰ ਬਣਾਉਣ ਦਾ ਸੰਕਲਪ*
*ਤੇ ਵਿਦਵਾਨਾਂ ਨੇ ਲਿਖ ਦਿੱਤੇ ਹਜ਼ਾਰਾ ਗ੍ਰੰਥ ...*
*ਦਿਨ ਚੜ੍ਹਨ ਤੋਂ ਪਹਿਲਾਂ*
*ਹਰ ਸ਼ਹਿਰ ਕਸਬੇ 'ਚ ਲੱਗੇ*
*ਵੱਡੇ-ਵੱਡੇ ਲਾਊਡ ਸਪੀਕਰ*
*ਸ਼ੁਰੂ ਕਰ ਦਿੰਦੇ*
*ਗਿਆਨ-ਧਿਆਨ*
*ਕਰਮ-ਧਰਮ ਦੀਆਂ ਗੱਲਾਂ*
*ਜੇ ਸੁਣ ਕੇ ਸਿਖਣਾ ਹੁੰਦਾ*
*ਤਾਂ ਮੇਰੇ ਸ਼ਹਿਰ 'ਚ*
*ਕੋਈ ਪੁਲਸ ਥਾਣਾ ਨਾ ਹੁੰਦਾ*
*ਨਾ ਹੁੰਦਾ ਬਲਾਤਕਾਰ ਕਿਸੇ ਧੀ ਭੈਣ ਦਾ*
*ਚਿੱਟੇ ਨਾਲ ਮੌਤ ਵੰਡਦੇ ਸੌਦਾਗਰਾਂ ਦਾ*
*ਕੋਈ ਥੋਹ ਟਿਕਾਣਾ ਨਾ ਹੁੰਦਾ..* [19]

ਕਵੀ ਪੇਸ਼ੇ ਵਜੋਂ ਗਣਿਤ ਦਾ ਲੈਕਚਰਾਰ ਹੈ। ਇਸ ਸਥਿਤੀ ਵਿਚ ਜਦੋਂ ਉਹ ਕਵਿਤਾ ਨਾਲ ਗਣਿਤ ਦੀਆਂ ਗੱਲਾਂ ਕਰਦਾ ਹੈ ਤਾਂ ਆਪ ਮੁਹਾਰੇ ਹੀ ਅਹਿਸਾਸਾਂ, ਭਾਵਨਾਵਾਂ, ਕਾਮਨਾਵਾਂ, ਖ਼ੁਸ਼ੀਆਂ ਅਤੇ ਗਮੀਆਂ ਦਾ ਲੇਖਾ-ਜੋਖਾ ਕਵਿਤਾ ਨੂੰ ਗਣਿਤ ਨਾਲ ਅਤੇ ਗਣਿਤ ਨੂੰ ਕਵਿਤਾ ਨਾਲ ਜੋੜ ਦਿੰਦਾ ਹੈ। ਉਹ ਲਿਖਦਾ ਹੈ:-

*ਕਵਿਤਾ ਵਿੱਚੋਂ ਗਣਿਤ*
*ਤੇ ਗਣਿਤ ਵਿਚੋਂ ਕਵਿਤਾ*
*ਨਿਕਲ ਰਹੀ ਹੈ*
*ਜ਼ਿੰਦਗੀ ਦੇ ਉਲਝੇ ਪਹਾੜਿਆਂ ਨਾਲ*
*ਜਦ ਮੈਂ ਰੀਝਾਂ ਤੇ ਸੱਧਰਾਂ ਦਾ*
*ਜੋੜ ਘਟਾਉ ਕਰਦਾ ਹਾਂ ਤਾਂ*
*ਅਲਫ਼ਾਜ਼ ਤਰਤੀਬ ਵਿਚ ਆ ਕੇ*
*ਕਵਿਤਾ ਬਣ ਜਾਂਦੇ ਨੇ* [20]

ਪਰ ਨਾਲ ਹੀ ਮਨਵੀਰ ਜ਼ਿੰਦਗੀ ਦੇ ਅਸਲ ਸਵਾਲਾਂ ਨੂੰ ਮੁਖਾਤਿਬ ਹੋਇਆ ਮਹਿਸੂਸ ਕਰਦਾ ਹੈ ਕਿ ਗਣਿਤ ਦੇ ਸਵਾਲ ਤਾਂ ਕਿਸੇ ਨਾ ਕਿਸੇ ਤਰੀਕੇ ਨਾਲ, ਕੋਈ ਨਾ ਕੋਈ ਫਾਰਮੁੱਲਾ ਲਾ ਕੇ ਹੱਲ ਕੀਤੇ ਜਾ ਸਕਦੇ ਹਨ ਪਰੰਤੂ ਸਮਾਜਿਕ ਜ਼ਿੰਦਗੀ ਦੀਆਂ ਪੇਚੀਦਾ ਗੁੰਝਲਦਾਰ ਜੀਵਨ ਪ੍ਰਸਥਿਤੀਆਂ ਅਤੇ ਰਿਸ਼ਤਿਆਂ ਦੇ ਤਾਣੇ-ਬਾਣੇ ਵਿਚ ਵਿਚਰਦਿਆਂ ਬਹੁਤ ਸਾਰੇ ਜੀਵਨ ਮੂਲਕ ਸਵਾਲਾਂ ਨੂੰ ਹੱਲ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਇਨ੍ਹਾਂ ਦੇ ਠੀਕ ਹੋਣ ਜਾਂ ਸਹੀ ਜਵਾਬ ਲਈ ਕੋਈ ਵੀ ਫਾਰਮੁੱਲਾ ਫਿੱਟ ਨਹੀਂ ਆਉਂਦਾ ਕਿਉਂਕਿ ਜਦ ਤਕ ਜੀਵਨ ਮੂਲਕ ਕਿਸੇ ਸਮੱਸਿਆ ਰੂਪੀ ਸਵਾਲ ਦਾ ਹੱਲ ਹੋਣ ਲੱਗਦਾ ਹੈ ਤਾਂ ਸਮੇਂ ਦੇ ਗੇੜ੍ਹ ਨਾਲ ਸਵਾਲ ਹੀ ਬਦਲ ਜਾਂਦੇ ਹਨ ਅਤੇ ਮਸਲਾ ਮੁੜ ਉੱਥੇ ਦਾ ਉੱਥੇ ਹੀ ਰਹਿ ਜਾਂਦਾ ਹੈ। ਮਨਵੀਰ ਲਿਖਦਾ ਹੈ:-

*ਗਣਿਤ ਜ਼ਿਆਦਾ ਸੌਖਾ*
*ਜ਼ਿੰਦਗੀ ਦੇ ਸਵਾਲਾਂ ਨਾਲੋਂ*
*ਕੁਝ ਸਵਾਲ ਔਖੇ ਨੇ*
*ਕੁਝ ਬਹੁਤ ਔਖੇ ਨੇ...*
*ਜਾਂ ਸਵਾਲ ਗ਼ਲਤ ਨੇ*
*ਤੇ ਜ਼ਿੰਦਗੀ ਦੇ ਸਵਾਲ*
*ਕਾਹਦੇ ਸਵਾਲ*
*ਭਟਕਣਾ*
*ਨਿਰੀ ਭਟਕਣਾ* [21]

ਜੀਵਨ ਵਿਚ ਆਪੇ ਨੂੰ ਨਿਖਾਰਨ ਲਈ ਮਨੁੱਖ ਨੂੰ ਖੁਦ ਹੀ ਉੱਦਮ ਕਰਨਾ ਪੈਂਦਾ ਹੈ। ਜ਼ਿੰਦਗੀ ਦੇ ਅਤੀਤ ਵਿਚ ਨੇੜਲੇ ਰਿਸ਼ਤਿਆਂ ਤੋਂ ਮਿਲੀ ਨਿਰਾਸ਼ਾ, ਸ਼ੁਕਰਿਆਂ ਵੱਲੋਂ ਹੋਏ ਅਣਸ਼ੁਕਰੇ ਵਿਵਹਾਰ ਦੀ ਚੀਸ ਦਿਲ ਨੂੰ ਬੇਚੈਨ ਕਰਦੀ ਹੈ। ਅਜਿਹੀ ਸਥਿਤੀ ਵਿਚ ਕਵੀ ਅੰਤਰ-ਮਨ ਨੂੰ ਡੁਲਾਉਣ ਦੀ ਬਜਾਏ ਆਪਣੇ ਆਪੇ ਨੂੰ ਮਜ਼ਬੂਤ ਕਰਨ ਦਾ ਸੰਦੇਸ਼ ਦਿੰਦਾ ਹੈ। ਮਜ਼ਬੂਤ ਵਿਅਕਤੀਤਵ ਕਿਸੇ ਦੀ ਕੀਤੀ ਵਧੀਕੀ ਨੂੰ ਗੁੱਸੇ, ਨਫ਼ਰਤ ਜਾਂ ਈਰਖਾ ਦੀ ਬਜਾਏ ਚਿਹਰੇ ਦੀ ਰੌਣਕ ਨਾਲ ਹੀ ਵਿਰੋਧੀ ਨੂੰ ਭਾਰੀ ਢਾਹ ਲਾ ਸਕਦਾ ਹੈ। ਮਨਵੀਰ ਲਿਖਦਾ ਹੈ:-

*ਚੰਦ ਜਦ ਬੇਵਫ਼ਾ ਹੋ ਜਾਵੇ*
*ਰਾਤਾਂ ਰੁਸ਼ਨਾਉਣ ਲਈ*
*ਖ਼ੁਦ ਜੁਗਨੂੰ ਬਣ ਜਾਣਾ*
*ਖ਼ੂਬਸੂਰਤ ਹੁੰਦਾ ਹੈ*[22]
*ਵੈਰੀ ਨੂੰ ਮੁਕਾਉਣ ਲਈ ਅੱਖਾਂ ਦੀ ਲਾਲੀ*
*ਤੇ ਮੱਥੇ ਦੀਆਂ ਤਿਊੜੀਆਂ ਦੀ ਲੋੜ ਨਹੀਂ*
*ਬਸ ਇਕ ਹਾਸਾ ਚਾਹੀਦਾ ਮਿੰਨਾ-ਮਿੰਨਾ*
*ਜਿਹੜਾ ਧੁਰ ਅੰਦਰ ਤੱਕ ਛਲਨੀ ਕਰ ਦੇਵੇ...।*[23]

ਮਨਵੀਰ ਦੀ ਅਜਿਹੀ ਵਿਰੋਧਾਭਾਸੀ ਸੋਚ ਉਸਦੀ ਕਾਵਿ ਸਿਰਜਣਾਤਮਕਤਾ ਨੂੰ ਨਿਵੇਕਲਾ ਬਣਾਉਂਦੀ ਹੈ। 'ਹੰਝੂ', 'ਹੁਨਰ', 'ਬੇਵਫਾ', 'ਤੇਰੀ ਡਾਇਰੀ', 'ਮੋਕਸ਼ ਦਾ ਸਫ਼ਰ' ਅਤੇ 'ਚੰਗੀ ਮਾੜੀ' ਆਦਿ ਕਵਿਤਾਵਾਂ ਆਕਾਰ ਵਜੋਂ ਭਾਵੇਂ ਨਿੱਕੀਆਂ ਹਨ ਪਰੰਤੂ ਇਹ ਜ਼ਿੰਦਗੀ ਦੇ ਵੱਡੇ ਤਜ਼ਰਬਿਆਂ ਦੀ ਸੋਝੀ ਪ੍ਰਦਾਨ ਕਰਦੀਆਂ ਹਨ। ਜਿਵੇ 'ਹੁਨਰ' ਕਵਿਤਾ ਜੀਵਨ ਸਥਿਤੀ ਨੂੰ ਬਦਲਣ ਦੀ ਥਾਂ ਉਸ ਵਿਚ ਰਹਿੰਦੇ ਹੋਏ ਹੀ ਆਪੇ ਨੂੰ ਬਿਹਤਰ ਸਥਿਤੀ ਵਿਚ ਲੈ ਕੇ ਜਾਣ ਦੀ ਗਵਾਹੀ ਭਰਦੀ ਹੈ। ਇਸੇ ਤਰ੍ਹਾਂ ਜਦੋਂ ਮਨੁੱਖ ਉੱਦਮ ਅਤੇ ਹੌਂਸਲੇ ਨਾਲ ਅੱਗੇ ਵਧਣ ਦੀ ਰੁਚੀ ਤਿਆਗ ਦਿੰਦਾ ਹੈ ਤਾਂ ਢਹਿੰਦੀ ਕਲਾ ਵੱਲ ਜਾਣ ਲੱਗ ਪੈਂਦਾ ਹੈ। ਨਿਰਾਸ਼ਾ ਵੱਸ ਜੀਵਨ ਚਾਲ ਵਿਚ ਰੁਕ ਜਾਣ ਦੀ ਸਥਿਤੀ ਵਿਚ ਮਨੁੱਖ ਆਪਣੇ ਆਪ ਤੋਂ ਹੀ ਬੇਵਫ਼ਾ ਹੋਇਆ ਜਾਪਦਾ ਹੈ। ਇਸੇ ਤਰ੍ਹਾਂ ਪਿਆਰ ਦੀ ਮਿਠਾਸ, ਭਾਵਨਾਵਾਂ ਦਾ ਵਹਾਅ ਅਤੇ ਪ੍ਰੀਤਮ ਨੂੰ ਮਿਲਣ ਦੀ ਤਾਂਘ ਦੇ ਭਾਵ ਮਨਵੀਰ ਦੀਆਂ ਕਈ ਕਵਿਤਾਵਾਂ ਦਾ ਵਿਸ਼ਾ ਬਣੇ ਹਨ-

*ਤੇਰੀ ਡਾਇਰੀ ਦੇ*
*ਕਿਸੇ ਪੰਨੇ 'ਤੇ*
*ਕਾਸ਼*
*ਮੇਰਾ ਜ਼ਿਕਰ ਹੋਵੇ*
*ਤੇ ਇਕ ਸੁੱਕਾ ਗੁਲਾਬ*
*ਖ਼ੁਸ਼ਬੂ ਬਣ*
*ਸਾਹ ਦਿੰਦਾ ਰਹੇ*
*ਮੇਰੇ ਨਾਮ ਦੇ ਅੱਖਰਾਂ ਨੂੰ*
*ਤੇ ਮੈਂ*
*ਅਮਰ ਹੋ ਜਾਵਾਂ*
*ਤੇਰੀ ਕਹਾਣੀ ਦੇ ਪੰਨਿਆਂ 'ਤੇ*[24]

ਮਨਵੀਰ ਕਾਵਿ ਮਰਦ ਪ੍ਰਧਾਨ ਸਮਾਜ ਵਿਚ ਪੁਰਸ਼ ਦੀ ਮਰਦਾਉਂ ਸੋਚ ਅਤੇ ਹਉਂ ਦੀ ਪੀੜਾ ਨੂੰ ਸਹਿਜ ਸੁਭਾ ਚਿਤਰਦਾ ਹੈ। ਅਜਿਹਾ ਸ਼ਬਦੀ ਪ੍ਰਗਟਾਵਾ ਸੱਚਮੁੱਚ ਇਕ ਨਿਰਪੱਖ ਸੰਵੇਦਨਸ਼ੀਲ ਕਵੀ ਦੇ ਮਨ ਦੀ ਹੀ ਉਪਜ ਹੋ ਸਕਦਾ ਹੈ। ਸਮਕਾਲੀ ਜੀਵਨ ਵਰਤਾਰੇ ਵਿਚ ਆਪੇ ਦੇ ਵਿਰੁੱਧ ਗੱਲ ਕਹਿਣ ਦੀ ਹਿੰਮਤ ਹਰ ਕੋਈ ਨਹੀਂ ਰੱਖਦਾ। ਇਹੀ ਮਨਵੀਰ ਕਾਵਿ ਦੀ ਖ਼ਾਸੀਅਤ ਅਤੇ ਖ਼ੂਬਸੂਰਤੀ ਹੈ ਕਿ ਉਹ ਸਿਰਫ਼ ਇਕ ਪਾਸੜ ਸੋਚ ਦਾ ਧਾਰਨੀ ਨਾ ਹੋ ਕੇ ਇਕ ਮਾਨਵਵਾਦੀ ਕਵੀ ਹੋ ਨਿਬੜਦਾ ਹੈ।

*ਮੈਂ ਜਦ ਹਾਰਿਆ ਹੋਵਾਂ ਤਾਂ*
*ਬੋਲੋਂ ਕੁਬੋਲ ਹੋ ਜਾਂਦਾ ਹਾਂ*
*ਮਰੀ ਹੋਈ ਦਲੀਲ ਨੂੰ*
*ਅਕਸਰ ਉੱਚੇ ਸੁਰਾਂ ਨਾਲ ਦਫ਼ਨਾ ਜਾਂਦਾ ਹਾਂ*
*ਮਰਦ ਜਾਤ ਹਾਂ*
*ਗੁੜਤੀ ਮਿਲੀ ਸੀ 'ਮੈਂ' ਦੀ*
*ਕਰ ਅੱਖਾਂ ਲਾਲ*
*ਗੁਨਾਹਾਂ 'ਤੇ ਪਰਦਾ ਪਾ ਜਾਂਦਾ ਹਾਂ।*[25]

ਮਨਵੀਰ ਨੇ ਆਪਣੇ ਕਾਵਿ ਵਿਚ ਹਕੀਕੀ ਮਾਨਵ ਜੀਵਨ ਨਾਲ ਸਬੰਧਤ ਸੁੱਖਾਂ-ਦੁੱਖਾਂ, ਆਸ਼ਾ-ਨਿਰਾਸ਼ਾ, ਜਿੱਤਾਂ-ਹਾਰਾਂ, ਆਪਣਿਆਂ-ਬੇਗਾਨਿਆਂ, ਪਿਆਰ-ਨਫ਼ਰਤ, ਰਾਜਸੀ ਅਤੇ ਧਾਰਮਿਕ ਪੱਖ ਤੋਂ ਬਾ-ਕਮਾਲ ਵਿਸ਼ੇ ਛੋਹੇ ਹਨ। ਜਿਨ੍ਹਾਂ ਦਾ ਪ੍ਰਗਟਾਅ ਕਵਿਤਾਵਾਂ ਵਿਚ ਬਹੁਤ ਸੰਜੀਵ ਪ੍ਰਤੀਕਾਂ ਅਤੇ ਬਿੰਬਾਂ ਦੀ ਵਰਤੋਂ ਨਾਲ ਕੀਤਾ ਗਿਆ ਹੈ, ਜਿਵੇਂ ਜਾਦੂਗਰ, ਵੈਦ, ਸੂਰਜ, ਸ਼ਿਵ, ਹੰਝੂ, ਦੀਪ, ਰਾਤ ਆਦਿ। ਇਨ੍ਹਾਂ ਨਾਲ ਕਾਵਿ ਅਰਥ ਬਹੁ-ਪਾਸਾਰੀ ਹੋ ਨਿਬੜਦੇ ਹਨ। ਮਨਵੀਰ ਕਾਵਿ ਦੀ ਖ਼ੂਬਸੂਰਤੀ ਹੋਰ ਵੀ ਵਧ ਜਾਂਦੀ ਹੈ ਜਦੋਂ ਉਹ ਲਿਖਦਾ ਹੈ -

*ਮੈਂ ਕੋਈ ਕਵੀ ਨਹੀਂ*

*ਨਾ ਮੈਨੂੰ ਲਿਖਣਾ ਆਉਂਦਾ..*

*ਸੰਵੇਦਨਸ਼ੀਲ ਹਾਂ ਥੋੜ੍ਹਾ ਜਿਹਾ*

*ਜਦ ਹਾਲਾਤ ਸਿਰ ਚੜ੍ਹ ਬੋਲਦੇ ਨੇ*

*ਤਾਂ ਮੈਂ ਗੂੰਗਾ ਹੋ ਜਾਂਦਾ ਹਾਂ*

*ਹੋਰ ਕਿਧਰੇ ਜ਼ੋਰ ਨਹੀਂ ਚਲਦਾ ਮੇਰਾ*

*ਸ਼ਬਦ ਅੜਿੱਕੇ ਚੜ੍ਹਦੇ ਨੇ* [26]

ਇਕ ਸੰਵੇਦਨਸ਼ੀਲ ਵਿਅਕਤੀ ਦੇ ਸੁਭਾਅ ਦੀ ਇਹੀ ਨਿਸ਼ਾਨੀ ਹੈ ਕਿ ਉਹ ਸਮਾਜ ਵਿਚ ਵਿਚਰਦਿਆਂ ਵੱਖ-ਵੱਖ ਸਮੇਂ, ਸਥਾਨ, ਹਾਲਾਤਾਂ, ਸਥਿਤੀਆਂ ਅਤੇ ਪ੍ਰਸਥਿਤੀਆਂ ਵਿਚੋਂ ਲੰਘਦਾ ਹੋਇਆ ਜ਼ਿੰਦਗੀ ਦੇ ਵਿਭਿੰਨ ਅਨੁਭਵਾਂ ਨੂੰ ਆਪਣੀ ਸੋਚ ਅਤੇ ਸ਼ਬਦਾਂ ਦੇ ਕਲਾਵੇ ਵਿਚ ਲੈ ਲੈਂਦਾ ਹੈ। ਕਲਾਵੇ ਵਿਚ ਲਏ ਭਾਵਾਂ ਦਾ ਭਾਰ ਬਹੁਤਾ ਸਮਾਂ ਨਾ ਸਹਾਰਦੇ ਹੋਏ ਇਨ੍ਹਾਂ ਅਹਿਸਾਸਾਂ ਨੂੰ ਮਨ ਵਿਚੋਂ ਕਸੀਦ ਕੇ ਬਾਹਰ ਕੱਢਦਾ ਹੈ ਜਿਸ ਨਾਲ ਸਾਹਿਤਕ ਰਚਨਾ ਦਾ ਜਨਮ ਹੁੰਦਾ ਹੈ। ਮਨਵੀਰ ਮਨ ਦੇ ਅਜਿਹੇ ਭਾਵ ਸ਼ਬਦਾਂ ਦੇ ਮਾਧਿਅਮ ਰਾਹੀਂ ਕਾਵਿ ਰੂਪ ਵਿਚ ਢਲ ਗਏ ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਦਾ ਮਨ ਸਹਿਜ ਸੁਭਾਅ ਸਾਂਝ ਮਹਿਸੂਸ ਕਰਦਾ ਹੈ। ਮਨਵੀਰ ਦੀ ਕਾਵਿ ਦ੍ਰਿਸ਼ਟੀ ਕਈ ਮੰਡਲਾਂ ਵਿਚ ਉਡਾਰੀਆਂ ਮਾਰਦੀ ਸਿਰਜਣਾਤਮਕ ਵਿਲੱਖਣਤਾ ਨੂੰ ਉਜਾਗਰ ਕਰਦੀ ਹੈ। ਮਨਵੀਰ ਭੁੱਲਰ ਨੂੰ 'ਸਹੁੰ ਲੱਗੇ' ਦੇ ਪ੍ਰਸੰਗ ਵਿਚ ਪੰਜਾਬੀ ਕਾਵਿ ਜਗਤ ਵਿਚ ਪ੍ਰਵੇਸ਼ ਕਰਨ ਤੇ ਨਿੱਘੇ ਸਵਾਗਤ ਦੇ ਨਾਲ-ਨਾਲ ਮੁਬਾਰਕਬਾਦ ਅਤੇ ਉਮੀਦ ਵੀ ਕਿ ਭਵਿੱਖ ਵਿਚ ਉਹ ਹੋਰ ਵੀ ਸੰਜੀਦਾ ਕਾਵਿ ਸੁਰ ਨੂੰ ਕਲਮਬੱਧ ਕਰਕੇ ਪਾਠਕਾਂ ਨਾਲ ਆਪਣੀ ਸਾਂਝ ਨੂੰ ਮਜ਼ਬੂਤ ਕਰੇਗਾ। ਉਸਦਾ ਪਲੇਠਾ ਕਾਵਿ ਸੰਗ੍ਰਹਿ 'ਸਹੁੰ ਲੱਗੇ' ਉਸਨੂੰ ਅਗਲੇ ਕਾਵਿ ਸਫ਼ਰ ਵੱਲ ਵਧਣ ਲਈ ਮਾਰਗਦਰਸ਼ਕ ਦਾ ਕੰਮ ਕਰੇਗਾ ਜਿਸ ਨਾਲ ਮਨਵੀਰ ਸਿੰਘ ਭੁੱਲਰ ਕਾਵਿ ਰਚਨਾ ਦੇ ਅਗਲੇ ਪੈਂਡਿਆਂ ਨਾਲ ਹਮੇਸ਼ਾਂ ਜੁੜਿਆ ਰਹੇਗਾ ਅਤੇ ਪੰਜਾਬੀ ਕਾਵਿ ਸਾਹਿਤ ਦੇ ਖੇਤਰ ਵਿਚ ਇਕ ਸਮਰੱਥ ਲੇਖਕ ਹੋਣ ਦਾ ਮਾਣ ਪ੍ਰਾਪਤ ਕਰੇਗਾ।

## ਹਵਾਲੇ ਅਤੇ ਟਿੱਪਣੀਆਂ


1. *ਮਨਵੀਰ ਸਿੰਘ ਭੁੱਲਰ, ਸਹੁੰ ਲੱਗੇ, ਕੈਲੀਬਰ ਪਬਲੀਕੇਸ਼ਨ, ਪਟਿਆਲਾ, 2022, ਪੰਨਾ: 30*
2. *-ਉਹੀ-, ਪੰਨਾ: 86*
3. *-ਉਹੀ-, ਪੰਨਾ: 28*
4. *-ਉਹੀ-, ਪੰਨਾ: 23*
5. *-ਉਹੀ-, ਪੰਨਾ: 20*
6. *-ਉਹੀ-, ਪੰਨਾ: 29*
7. *-ਉਹੀ-, ਪੰਨਾ: 34*
8. *-ਉਹੀ-, ਪੰਨਾ: 72*
9. *-ਉਹੀ-, ਪੰਨਾ: 73*
10. *-ਉਹੀ-, ਪੰਨਾ: 43*
11. *-ਉਹੀ-, ਪੰਨਾ: 46*
12. *-ਉਹੀ-, ਪੰਨਾ: 45*
13. *-ਉਹੀ-, ਪੰਨਾ: 52*
14. *-ਉਹੀ-, ਪੰਨਾ: 56*
15. *-ਉਹੀ-, ਪੰਨਾ: 75*
16. *-ਉਹੀ-, ਪੰਨਾ: 68*
17. *-ਉਹੀ-, ਪੰਨਾ: 18*
18. *-ਉਹੀ-, ਪੰਨਾ: 117*
19. *-ਉਹੀ-, ਪੰਨਾ: 91-92*
20. *-ਉਹੀ-, ਪੰਨਾ: 94*
21. *-ਉਹੀ-, ਪੰਨਾ: 95*
22. *-ਉਹੀ-, ਪੰਨਾ: 105*
23. *-ਉਹੀ-, ਪੰਨਾ: 41*
24. *-ਉਹੀ-, ਪੰਨਾ: 113*
25. *-ਉਹੀ-, ਪੰਨਾ: 25*
26. *-ਉਹੀ-, ਪੰਨਾ: 13*



***Cite this Article-***

ਡਾ. ਮਨਜੀਤ ਕੌਰ (Dr. Manjeet Kaur), ਮਨਵੀਰ ਭੁੱਲਰ ਦੀ ਕਾਵਿ ਦ੍ਰਿਸ਼ਟੀ : 'ਸਹੁੰ ਲੱਗੇ' ਦੇ ਸੰਦਰਭ ਵਿਚ (MANVEER BHULLAR DI KAAV DARISHTY: 'SONH LAGE' DE SANDRBH VICH), *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 134-141.*

***Journal URL:*** *www.armaan.org.in*

***DOI:*** *https://doi.org/10.64119/armaan.vol.3.issue3.21*



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*